ਪੰਜਾਬ ਸਰਕਾਰ
ਮੈਡੀਕਲ ਸਿੱਖਿਆ ਤੇ ਖੋਜ ਵਿਭਾਗ
(ਸਿਹਤ -3 ਸਾਖਾ)

## ਹੁਕਮ

ਵਿਸ਼ਾ:- ਵਿਭਾਗ ਵਿੱਚ ਠੇਕਾ ਆਧਾਰ ਤੇ ਕੰਮ ਕਰ ਰਹੀਆਂ ਸਟਾਫ ਨਰਸਾਂ ਅਤੇ ਐਨਸਲਰੀ ਸਟਾਫ ਦੀਆਂ ਮੰਗਾਂ ਦੀ ਪ੍ਰਵਾਨਗੀ ਦੇਣ ਬਾਰੇ

ਠੇਕਾ ਆਧਾਰ ਤੇ ਕੰਮ ਕਰ ਰਹੀਆਂ ਸਟਾਫ ਨਰਸਾਂ ਅਤੇ ਐਨਸਲਰੀ ਸਟਾਫ ਦੀਆਂ ਮੰਗਾਂ ਦੀ ਹੇਠ ਲਿਖੇ ਅਨੁਸਾਰ ਸਰਕਾਰ ਵਲੋਂ ਪ੍ਰਵਾਨਗੀ ਦਿਤੀ ਜਾਂਦੀ ਹੈ :-

1. ਠੇਕਾ ਆਧਾਰ ਤੇ ਕੰਮ ਕਰ ਰਹੀ ਮਹਿਲਾ ਕਰਮਚਾਰਨਾਂ ( ਸਟਾਫ ਨਰਸਾਂ ਅਤੇ ਐਨਸੀਲਰੀ ਸਟਾਫ ) ਨੂੰ ਐਨ ਆਰ ਐਚ ਐਮ ਦੀ ਤਰਜ ਤੇ 3 ਮਹੀਨਿਆਂ ਦੀ ਮੈਟਰਨਿਟੀ ਲੀਵ ਸਮੇਤ ਤਨਖਾਹ ਦਿੱਤੀ ਜਾਇਆ ਕਰੇ।

2. ਠੇਕਾ ਆਧਾਰ ਤੇ ਕੰਮ ਕਰ ਰਹੀ ਮਹਿਲਾ ਕਰਮਚਾਰਨਾਂ ਨੂੰ ਐਮ ਟੀ ਪੀ ਐਕਟ ਅਧੀਨ ਉਪਬੰਧਾਂ ਨੂੰ ਵਿਚਾਰ ਕੇ ਉਚਿਤ ਸਮੇਂ ਦੀ ਅਬਾਰਸਨ ਲੀਵ ਕੇਵਲ ਇਕ ਵਾਰ ਸਮੇਤ ਤਨਖਾਹ ਦਿੱਤੀ ਜਾਵੇਗੀ।

3. ਠੇਕਾ ਆਧਾਰ ਤੇ ਕੰਮ ਕਰ ਰਹੇ ਕਰਮਚਾਰੀਆਂ/ ਕਰਮਚਾਰਨਾਂ ਦੇ ਠੇਕੇ ਦੀ ਮਿਆਦ ਖਤਮ ਹੋਣ ਦੀ ਤੇ ਕੰਮ ਕਾਜ ਤਸੱਲੀਬਖਸ ਹੋਣ ਦੀ ਸੂਰਤ ਵਿਚ ਠੇਕੇ ਵਿਚ ਵਾਧਾ ਕਰਨ ਸਮੇਂ ਕੋਈ ਵੀ ਬਰੇਕ ਨਹੀਂ ਪਾਈ ਜਾਵੇਗੀ ਅਤੇ ਠੇਕਾ ਖਤਮ ਹੋਣ ਦੀ ਮਿਤੀ ਤੋਂ ਬਿਨਾਂ ਕੋਈ ਬਰੇਕ ਪਾਏ ਮਿੱਥੇ ਸਮੇਂ ਲਈ ਅਗੇ ਵਧਾਇਆ ਜਾਵੇਗਾ।

4. ਠੇਕਾ ਆਧਾਰ ਤੇ ਕੰਮ ਕਰ ਰਹੀ ਸਟਾਫ ਨਰਸਾਂ ਨੂੰ ਕੋਈ ਰਾਖਵੀਂ ਛੁੱਟੀ ਅਤੇ ਗਜਟਿੱਡ ਛੁੱਟੀ ਨਹੀਂ ਦਿੱਤੀ ਜਾ ਸਕਦੀ ਹੈ ਕਿਉਂਜੋਂ ਇਹਨਾਂ ਕਰਮਚਾਰਨਾਂ ਨੂੰ ਰੈਗੂਲਰ ਸਟਾਫ ਨਰਸਾਂ ਦੀ ਤਰਜ ਤੇ ਡੇ-ਆਫ ਦਿੱਤੇ ਜਾ ਰਹੇ ਹਨ।

5. ਠੇਕਾ ਆਧਾਰ ਤੇ ਕੰਮ ਕਰ ਰਹੀ ਸਟਾਫ ਨਰਸਾਂ ਅਤੇ ਐਨਸੀਲਰੀ ਸਟਾਫ ਨੂੰ ਕੋਈ ਵੀ ਮੈਡੀਕਲ ਰਿਇਮਬਰਸਮੈਂਟ ਨਹੀਂ ਦਿੱਤੀ ਜਾ ਸਕਦੀ ਹੈ। ਜੇਕਰ ਐਨ ਆਰ ਐਚ ਐਮ ਵਲੋਂ ਕੋਈ ਫੈਸਲਾ ਲਿਆ ਜਾਂਦਾ ਹੈ ਤਾਂ ਇਸ ਮੰਗ ਤੇ ਮੁੜ ਫੈਸਲਾ ਲਿਆ ਜਾਵੇਗਾ।

6. ਠੇਕਾ ਆਧਾਰ ਤੇ ਕੰਮ ਕਰ ਰਹੀ ਕਰਮਚਾਰਨਾਂ ਨੂੰ ਖਾਲੀ ਪਏ ਮਕਾਨਾਂ ਦੀ ਅਲਾਟਮੈਂਟ ਸੀਨੀਆਰਤਾ ਦੇ ਆਧਾਰ ਤੇ ਦਿੱਤੀ ਜਾਇਆ ਕਰੇਗੀ। ਇਸ ਦੇ ਮਕਾਨ ਕਿਰਾਏ ਦੀ ਮਿਆਦ ਨਿਸਚਿਤ ਕਰਨ ਦੇ ਸਬੰਧ ਵਿਚ ਇਹ ਫੈਸਲਾ ਲਿਆ ਗਿਆ ਕਿ ਹੇਠ ਲਿਖੇ ਅਨੁਸਾਰ ਮਕਾਨ ਕਿਰਾਇਆ ਨਿਸਚਿਤ ਕਰਨ ਸਬੰਧੀ ਤਜਵੀਜ ਪਰਵਾਨਗੀ ਲਈ ਵਿੱਤ ਵਿਭਾਗ ਨੂੰ ਭੇਜੀ ਜਾਵੇ:-

"ਇਹਨਾਂ ਕਰਮਚਾਰਨਾਂ/ ਕਰਮਚਾਰੀਆਂ ਨੂੰ ਮਿਲ ਰਹੀ ਕੁਲ ਉੱਕਾ-ਪੁੱਕਾ ਉਜਰਤਾਂ ਦੀ 50% ਰਕਮ ਨੂੰ ਉਹਨਾਂ ਦੀ ਬੇਸਿਕ ਪੇ ਮਨਿੰਆ ਜਾਵੇ ਅਤੇ ਇਸ ਬੇਸਿਕ ਪੇ ਦਾ 20% ਰਕਮ ਨੂੰ ਮਕਾਨ ਕਿਰਾਇਆਂ ਮੰਨ ਲਿਆ ਜਾਵੇ। ਇਸ ਤਜਵੀਜ ਤੇ ਵਿੱਤ ਵਿਭਾਗ ਵਲੋਂ ਲਿਆ ਗਿਆ ਫੈਸਲਾ ਅਤਿੰਮ ਮਨਿਆ ਜਾਵੇਗਾ। "

7. ਠੇਕਾ ਆਧਾਰ ਤੇ ਕੰਮ ਕਰ ਰਹੀ ਸਟਾਫ ਨਰਸਾਂ ਨੂੰ ਮਿਲ ਰਹੀ ਉਜਰਤਾਂ ਵਿਚ 33% ਵਾਧਾ ਦੇਣ ਦੀ ਤਜਵੀਜ ਤੇ ਵਿਚਾਰ ਕਰਨ ਲਈ ਵਿੱਤ ਵਿਭਾਗ ਨੰ ਭੇਜੀ ਜਾਵੇਗੀ। ਮੀਟਿੰਗ ਦੌਰਾਨ ਠੇਕਾ ਆਧਾਰ ਤੇ ਕੰਮ ਕਰ ਰਹੇ ਮੈਡੀਕਲ ਸੋਸਲ ਵਰਕਰ ਕਰਮਚਾਰੀਆਂ ਨੇ ਵੀ 33% ਸਾਲਾਨਾ ਵਾਧਾ ਦੇਣ ਦੀ ਮੰਗ ਕੀਤੀ, ਇਸ ਲਈ ਇਹ ਵੀ ਫੈਸਲਾ ਲਿਆ ਗਿਆ ਕਿ ਇਸ ਤਜਵੀਜ ਵਿਚ ਠੇਕਾ ਆਧਾਰ ਤੇ ਕੰਮ ਕਰ ਰਹੇ ਐਨਸੀਲਰੀ ਸਟਾਫ ਸਮੇਤ ਮੈਡੀਕਲ ਸੋਸਲ ਵਰਕਰਾਂ ਨੂੰ ਵੀ 33% ਸਾਲਾਨਾ ਵਾਧਾ ਦੇਣ ਦੀ ਤਜਵੀਜ ਵਿਚ ਸਾਮਿਲ ਕਰਕੇ ਵਿੱਤ ਵਿਭਾਗ ਨੂੰ ਭੇਜੀ ਜਾਵੇਗੀ।

8. ਮੀਟਿੰਗ ਦੌਰਾਨ ਠੇਕਾ ਆਧਾਰ ਤੇ ਕੰਮ ਕਰ ਰਹੇ ਹੈਲਥ ਇੰਨਸਪੈਕਟਰਾਂ ਨੇ ਮੰਗ ਕੀਤੀ ਕਿ ਉਹਨਾਂ ਨੂੰ ਉੱਕਾ-ਪੁੱਕਾ 6501 ਰੁਪੈ ਉਜਰਤਾਂ ਮਿਲ ਰਹੀਆਂ ਹਨ, ਇਸ ਲਈ ਉਹਨਾਂ ਨੂੰ ਲੇਬਰ ਵਿਭਾਗ ਵਲੋਂ ਨਿਰਧਾਰਤ ਗਰੁੱਪ ਸੀ ਦੇ ਰੇਟ ਦਿੱਤੇ ਜਾਣ। ਇਹ ਫੈਸਲਾ ਲਿਆ ਗਿਆ ਕਿ ਲੇਬਰ ਵਿਭਾਗ

ਵਲੋਂ Minimum Wages Act ਅਧੀਨ ਵਿਚਾਰ ਕੇ ਸਮੇਂ ਸਮੇਂ ਸਿਰ ਰੇਟ ਫਿਕਸ ਕੀਤੇ ਜਾਂਦੇ ਹਨ। ਇਸ ਲਈ ਇਹ ਯਕੀਨੀ ਬਣਾਇਆ ਜਾਵੇ ਕਿ ਇਸ ਵਿਭਾਗ ਅਧੀਨ ਸਮੂਹ ਸੰਸਥਾਵਾਂ ਵਿਚ ਕੰਮ ਕਰ ਰਹੇ ਠੇਕਾ ਆਧਾਰ ਤੇ ਸਮੂਹ ਕਰਮਚਾਰੀਆਂ ਨੂੰ ਲੇਬਰ ਵਿਭਾਗ ਵਲੋਂ ਨਿਰਧਾਰਤ ਘੱਟੋ-ਘੱਟ ਉਜਰਤਾਂ ਮਿਲਦੀਆਂ ਰਹਿਣ ਅਤੇ ਇਸ ਬਾਰੇ ਸਰਕਾਰ ਵਲੋਂ ਸਮੇਂ ਸਮੇਂ ਸਿਰ ਜਾਰੀ ਹਦਾਇਤਾ ਦੀ ਪਾਲਣਾ ਕਰਨੀ ਵੀ ਯਕੀਨੀ ਬਣਾਈ ਜਾਵੇ ।

ਇਹ ਫੈਸਲੇ ਹੁਕਮ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹੋਣਗੇ ।

ਮਿਤੀ, ਚੰਡੀਗੜ, ਹੁਸਨ ਲਾਲ
8/4/2015 ਸਕੱਤਰ ਮੈਡੀਕਲ ਸਿੱਖਿਆ ਅਤੇ ਖੋਜ.

ਪਿਠ ਅੰਕਣ ਨੰ: 6/39/2015-4ਸਸ3/ 793-96. ਮਿਤੀ, ਚੰਡੀਗੜ, 30/04/2015.

ਇਸ ਉਤਾਰਾ ਹੇਠ ਲਿਖੇ ਨੂੰ ਸੂਚਨਾ/ ਲੋੜੀਦੀ ਕਾਰਵਾਈ ਹਿਤ ਭੇਜਿਆਂ ਜਾਂਦਾ ਹੈ :-

1 ਡਾਇਰੈਕਟਰ ਖੋਜ ਤੇ ਮੈਡੀਕਲ ਸਿੱਖਿਆ , ਪੰਜਾਬ, ਮੋਹਾਲੀ ਆਪ ਦੇ ਮੀਮੋ ਨੰ; 4 ਐਮ.ਈ. 2-ਪੰ- 2015/5022, ਮਿਤੀ 30/3/2015 ਦੇ ਹਵਾਲੇ ਵਿਚ ।

2 ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ, ਪਟਿਆਲਾ/ ਅੰਮ੍ਰਿਤਸਰ,

3 ਮੈਡੀਕਲ ਸੁਪਰਡੰਟ ਰਾਜਿੰਦਰਾਂ ਹਸਪਤਾਲ, ਪਟਿਆਲਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ ।

4 ਸ੍ਰੀ ਮਤੀ ਕਰਮਜੀਤ ਕੌਰ ਔਲਖ, ਪ੍ਰਧਾਨ, ਪੰਜਾਬ ਨਰਸਿੰਗ ਅਤੇ ਪੈਰਾਂ ਮੈਡੀਕਲ ਇੰਮਪਲਾਈਜ ਐਸੋਸੀਏਸ਼ਨ, ਰਾਜਿੰਦਰਾਂ ਹਸਪਤਾਲ, ਪਟਿਆਲਾ ।

ਅਧੀਨ ਸਕੱਤਰ ਮੈਡੀਕਲ ਸਿੱਖਿਆ ਅਤੇ ਖੋਜ

**ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿਖਿਆ, ਪੰਜਾਬ,**

ਈ ਬਲਾਕ, 7ਵੀਂ ਮੰਜ਼ਿਲ, ਸਿਖਿਆ ਭਵਨ, ਮੋਹਾਲੀ।

ਪਿ. ਅੰ.ਨੰ: 4 ਐਮ ਈ 2-ਪੰ-2015/ 7192-99 ਮਿਤੀ ਚੰਡੀਗੜ੍ਹ: 06-05-15

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੀ ਯੋਗ ਕਾਰਵਾਈ ਹਿਤ ਭੇਜਿਆਂ ਜਾਂਦਾ ਹੈ:-

1) ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ/ ਅਮ੍ਰਿੰਤਸਰ।
2) ਪ੍ਰਿੰਸੀਪਲ, ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ, ਪਟਿਆਲਾ/ ਅਮ੍ਰਿੰਤਸਰ।
3) ਮੈਡੀਕਲ ਸੁਪਰਡੰਟ, ਰਾਜਿੰਦਰਾ ਹਸਪਤਾਲ, ਪਟਿਆਲਾ/ ਐਸ ਜੀ ਟੀ ਬੀ ਹਸਪਤਾਲ, ਅਮ੍ਰਿੰਤਸਰ।
4) ਡਿਪਟੀ ਮੈਡੀਕਲ ਸੁਪਰਡੰਟ, ਟੀ ਬੀ ਹਸਪਤਾਲ, ਅਮ੍ਰਿੰਤਸਰ/ ਪਟਿਆਲਾ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿਖਿਆ, ਪੰਜਾਬ।

ਪਿ.ਅੰ.ਨੰ: 4 ਐਮ ਈ 2-ਪੰ-2015/ ਮਿਤੀ ਚੰਡੀਗੜ੍ਹ:

ਉਤਾਰਾ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿਖਿਆ ਅਤੇ ਖੋਜ ਵਿਭਾਗ, ਚੰਡੀਗੜ੍ਹ ਨੂੰ ਸੂਚਨਾ ਅਤੇ ਅਗਲੀ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿਖਿਆ, ਪੰਜਾਬ।